ਪੰਜਾਬ ਸਰਕਾਰ
ਸਥਾਨਕ ਸਰਕਾਰ ਵਿਭਾਗ
(ਸਥਾਨਕ ਸਰਕਾਰ-4 ਸ਼ਾਖਾ)
(ਪੰਜਾਬ ਮਿਊਸਪਲ ਭਵਨ, ਪਲਾਟ ਨੰ: 3, ਸੈਕਟਰ-35ਏ, ਚੰਡੀਗੜ੍ਹ)

ਸੇਵਾ ਵਿਖੇ

ਮੁੱਖ ਕਾਰਜਕਾਰੀ ਅਫਸਰ,
ਪੰਜਾਬ ਵਾਟਰ ਸਪਲਾਈ ਅਤੇ ਸੀਵਰੇਜ ਬੋਰਡ,
ਪਲਾਟ ਨੰ: 1-ਬੀ, ਸੈਕਟਰ-27ਏ, ਚੰਡੀਗੜ੍ਹ।

29/10/19

ਮੀਮੋ ਨੰ: 6/12/2019-4ਸਸ4/ 2997
ਮਿਤੀ,ਚੰਡੀਗੜ੍ਹ 25-10-2019

ਵਿਸ਼ਾ:- 125 ਗਜ ਦੇ ਛੋਟੇ ਰਿਹਾਇਸੀ ਪ੍ਰਾਪਰਟੀਆਂ ਤੋਂ ਪਾਣੀ ਦੇ ਬਿਲਾਂ ਅਤੇ ਸੀਵਰੇਜ ਦੇ ਬਿਲਾਂ ਦੀ ਅਦਾਇਗੀ ਬਾਰੇ।

***

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ।

2. ਵਿਸ਼ਾ ਮਾਮਲੇ ਦੇ ਸਬੰਧ ਵਿੱਚ ਦੱਸਿਆ ਜਾਂਦਾ ਹੈ ਕਿ ਸ਼੍ਰੀ ਹਰਪਾਲ ਸਿੰਘ ਚੀਮਾ ਵਿਰੋਧੀ ਧਿਰ ਨੇਤਾ ਪੰਜਾਬ ਜੀ ਦਾ ਇੱਕ ਨੋਟ ਪ੍ਰਾਪਤ ਹੋਇਆ ਹੈ। ਜਿਸ ਵਿੱਚ ਉਨ੍ਹਾ ਵਲੋਂ ਲਿਖਿਆ ਗਿਆ ਹੈ ਕਿ ਮੇਰੇ ਧਿਆਨ ਵਿੱਚ ਲਿਆਂਦਾ ਗਿਆ ਹੈ ਕਿ ਨਗਰ ਪੰਚਾਇਤ, ਦਿੜ੍ਹਬਾ ਜਿਲ੍ਹਾਂ ਸੰਗਰੂਰ ਦੇ 125 ਗਜ ਤੋਂ ਛੋਟੇ ਰਿਹਾਇਸੀ ਪ੍ਰਾਪਰਟੀਆਂ ਤੋਂ ਪਾਣੀ ਦੇ ਬਿਲ੍ਹਾਂ ਅਤੇ ਸੀਵਰੇਜ ਦੇ ਬਿਲ੍ਹਾਂ ਦੀ ਨਜਾਇਜ਼ ਵਸੂਲੀ ਕੀਤੀ ਜਾ ਰਹੀ ਹੈ। ਜਦੋਂ ਕਿ ਪੰਜਾਬ ਸਰਕਾਰ ਵਲੋਂ ਜਾਰੀ ਕੀਤੇ ਗਏ ਨੋਟੀਫਿਕੇਸਨ ਰਾਹੀ 125 ਗਜ ਤੋਂ ਘੱਟ ਦੇ ਰਿਹਾਇਸੀ ਪ੍ਰਾਪਰਟੀਆਂ ਤੇ ਪਾਣੀ ਅਤੇ ਸੀਵਰੇਜ ਦੇ ਬਿੱਲ ਵਸੂਲ ਨਹੀਂ ਕੀਤੇ ਜਾ ਸਕਦੇ।

ਉਨ੍ਹਾਂ ਲਿਖਿਆ ਹੈ ਕਿ ਵਾਟਰ ਸਪਲਾਈ ਅਤੇ ਸੀਵਰੇਜ ਬੋਰਡ, ਸੰਗਰੂਰ ਵਲੋ ਨਗਰ ਪੰਚਾਇਤ, ਦਿੜ੍ਹਬਾ ਜਿਲ੍ਹਾਂ ਸੰਗਰੂਰ ਦੇ 125 ਗਜ ਤੋਂ ਛੋਟੇ ਰਿਹਾਇਸੀ ਪ੍ਰਾਪਰਟੀਆਂ ਤੋਂ ਪਾਣੀ ਅਤੇ ਸੀਵਰੇਜ ਦੇ ਬਿਲਾਂ ਦੀ ਨਜਾਇਜ ਵਸੂਲੀ ਬੰਦ ਕਰਵਾਉਣ ਦੀ ਖੇਚਲ ਕੀਤੀ ਜਾਵੇ। ਪ੍ਰਾਪਤ ਪੱਤਰਾਂ ਦੀਆਂ ਫੋਟੋ ਕਾਪੀਆਂ ਆਪ ਨੂੰ ਭੇਜਕੇ ਲਿਖਿਆ ਜਾਂਦਾ ਹੈ ਕਿ ਇਸ ਸਬੰਧੀ ਆਪਣੀ ਟਿੱਪਣੀ/ਰਿਪੋਰਟ ਭੇਜੀ ਜਾਵੇ।

8185
31/10/19

ਸੁਪਰਡੰਟ

**ਪੰਜਾਬ ਵਾਟਰ ਸਪਲਾਈ ਅਤੇ ਸੀਵਰੇਜ ਬੋਰਡ**
**ਪਲਾਟ ਨੰ.1ਬੀ, ਸੈਕਟਰ 27ਏ, ਚੰਡੀਗੜ੍ਹ**

ਪਿੱਠ ਅੰਕਣ ਨੰ: ਪਵਸਸਬ-2019/ਵ-1/ 24455 ਮਿਤੀ: 16-11-19

ਉਪਰੋਕਤ ਦੀ ਨਕਲ ਸਮੇਤ ਸਹਿਲੱਗ ਮੁੱਖ ਇੰਜੀਨੀਅਰ(ਪੂਰਬ), ਪੰਜਾਬ ਵ/ਸ ਅਤੇ ਸੀਵਰੇਜ ਬੋਰਡ ਪਟਿਆਲਾ ਨੂੰ ਭੇਜਕੇ ਲਿਖਿਆ ਜਾਂਦਾ ਹੈ ਕਿ ਵਿਸ਼ੇ ਅੰਕਿਤ ਮਾਮਲੇ ਤੇ ਲੋੜੀਂਦੀ ਕਾਰਵਾਈ ਕਰਦੇ ਹੋਏ ਆਪਣੀ ਟਿੱਪਣੀ/ਰਿਪੋਰਟ ਇਸ ਦਫਤਰ ਨੂੰ ਭੇਜੀ ਜਾਵੇ ਤਾਂ ਜੋ ਉਸੇ ਅਨੁਸਾਰ ਸਰਕਾਰ ਨੂੰ ਜਵਾਬ ਭੇਜਿਆ ਜਾ ਸਕੇ।

ਨੱਥੀ/ਉਕਤ ਅਨੁਸਾਰ

For

ਕਾਰਜਕਾਰੀ ਇੰਜੀਨੀਅਰ(ਵ)
ਵਾਸਤੇ ਇੰਜੀਨੀਅਰ ਇਨ ਚੀਫ-ਕਮ-
ਤਕਨੀਕੀ ਸਲਾਹਕਾਰ